ਮਹਾਰਾਜਾ ਦਲੀਪ ਸਿੰਘ

3/428
ਦਾ ੫੦ ਮ

ਸ਼ਾਮ ਦੀਪ ਸਿੰਘ

ਕਿਸ਼ਨ ਸਿੰਘ "ਹਾਜ਼ਰ"

ਨੈਸ਼ਨਲ ਬੁਕ ਸ਼ਾਪ
ਨਿਸਬਤ ਰੋਡ

ਲਾਹੌਰ

ਸਿੰਘ ਬ੍ਰਾਦਰਜ਼
ਅਨਾਰਕਲੀ

ਮਹਾਰਾਜਾ ਦਲੀਪ ਸਿੰਘ ਦਾ ਮੁਖ ਡੀਜ਼ਾਈਨ, ਅੰਦਰ ਦੀਆਂ ਲਿਖਤਾਂ, ਨੋਟ ਤੇ ਇਤਿਹਾਸਕ ਹਵਾਲੇ ਆਦਿ ਲੇਖਕ ਦੇ ਰਾਖਵੇਂ ਹਨ।

ਪੜ੍ਹਨ ਯੋਗ–

ਪਰਵਾਨੇ – ਸੰਸਾਰ ਭਰ ਦੇ ਚੋਣਵੇਂ ਦੇਸ਼ ਭਗਤਾਂ ਦੇ ਜੀਵਨ–ਜਿਨ੍ਹਾਂ ਨੇ ਕੌਮਾਂ ਮੁਲਕਾਂ ਦੀ ਅਜ਼ਾਦੀ ਖ਼ਾਤਰ ਆਪਣੀ ਜਾਨ ਦੇ ਦਿਤੀ (ਉਰਦੂ ਵਿਚ ਵੀ ਇਹ ਕਿਤਾਬ ਛਪ ਚੁਕੀ ਹੈ)

ਸ਼ਹੀਦ ਦੇਵੀ–(ਜੋਨ ਆਫ਼ ਆਰਕ) ਉਹ ਬਹਾਦਰ ਕੁੜੀ, ਜਿਹੜੀ ਆਪਣੇ ਦੇਸ਼ ਦੀ ਆਜ਼ਾਦੀ ਖ਼ਾਤਰ ਦੁਸ਼ਮਣ ਹਥੋਂ ਜ਼ਿੰਦਾ ਸੜ ਮਰੀ)।

ਮਾਂਗਵੇਂ ਖੰਭ–ਸੰਸਾਰ ਪ੍ਰਸਿਧ ਲਿਖਾਰੀਆਂ ਦੀਆਂ ਚੋਣਵੀਆਂ ਕਹਾਣੀਆਂ ਦਾ ਪੰਜਾਬੀ ਅਨੁਵਾਦ।

ਫ਼ਰਾਂਸ ਦੀ ਕਹਾਣੀ–ਫ਼ਰਾਂਸੀਸੀ ਇਨਕਲਾਬੀ ਕਹਾਣੀ ਲੇਖਕਾਂ ਦੀਆਂ ਕਹਾਣੀਆਂ।

ਮਹਾਰਾਣੀ ਚੰਦ ਕੌਰ– ਸਿਖ ਇਤਿਹਾਸ ਦੀ ਦਰਦਨਾਕ ਕਹਾਣੀ, ਜਿਸ ਨੂੰ ਪੜ੍ਹ ਕੇ ਪੱਥਰ-ਦਿਲ ਵੀ ਰੋ ਉਠੇ ਹਨ।

ਸਿਖ ਇਤਿਹਾਸਕ ਲੈਕਚਰ - ਬੰਦਾ ਸਿੰਘ ਬਹਾਦਰ, ਬਾਰ੍ਹਾਂ ਮਿਸਲਾਂ, ਸਾਰਾ ਸਿਖ ਰਾਜ ਤੇ ਪਿਛੋਂ ਨਾਮਧਾਰੀ ਲਹਿਰ ਆਦਿ ਦੇ ਹਾਲਾਤ ਇਸ ਪੁਸਤਕ ਚੋਂ ਪੜ੍ਹੋ।

ਗੁਰਮਤ ਲੈਕਚਰ–ਦਸ ਗੁਰੂ ਸਾਹਿਬਾਨ ਦੇ ਜੀਵਨ ਤੇ ਫ਼ਿਲਾਸਫ਼ੀ ਬਾਰੇ ਖੋਜ ਭਰੀ ਪੁਸਤਕ। ਤੀਜਾ ਐਡੀਸ਼ਨ ਵੀ ਖ਼ਤਮ ਹੁੰਦਾ ਜਾ ਰਿਹਾ ਹੈ।

ਸਿਖ ਰਾਜ ਦੇ ਆਖ਼ਰੀ ਚਿਨ੍ਹ–ਮ: ਦਲੀਪ ਸਿੰਘ ਤੇ ਕੋਹਿ-ਨੂਰ ਹੀਰੇ ਦੀ ਸੰਖੇਪ ਤੇ ਦਰਦਨਾਕ ਜੀਵਨ ਕਥਾ।

ਪ੍ਰਿੰਟਰ–ਸ: ਅਮਰ ਸਿੰਘ, ਮਾਡਲ ਇਲੈਕਟ੍ਰਿਕ ਪ੍ਰੈਸ, ਮੈਕਲੋਗਨ ਰੋਡ, ਲਾਹੌਰ
ਪਬਲਿਸ਼ਰ–ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

31428

ਮੁਢਲੀਆਂ ਸਤਰਾਂ

ਅਜ ਜੇ ਕਿਸੇ ਇਤਿਹਾਸ ਪ੍ਰੇਮੀ ਨੂੰ ਸਿਖ ਇਤਿਹਾਸ ਬਾਰੇ ਕਿਸੇ ਵਾਕਫ਼ੀ ਦੀ ਲੋੜ ਪੈ ਜਾਵੇ, ਤਾਂ ਉਹਨੂੰ ਆਪਣੀ ਮਾਤ੍ਰਬੋਲੀ ਪੰਜਾਬੀ ਦੀ ਥਾਂ ਅੰਗਰੇਜ਼ੀ, ਹਿੰਦੀ, ਤੇ ਉਰਦੂ ਅਗੇ ਹਥ ਅਡਣੇ ਪੈਣਗੇ। ਪੰਜਾਬੀ ਖ਼ਜ਼ਾਨੇ ਵਿਚ ਗਿਣਵੀਆਂ ਚੰਦ ਇਤਿਹਾਸਕ ਕਸਵਟੀ ਪੁਰ ਪੂਰੀਆਂ ਉਤਰ ਸਕਣ ਵਾਲੀਆਂ ਕਿਤਾਬਾਂ ਤੋਂ ਬਿਨਾਂ ਕੁਝ ਵੀ ਨਹੀਂ ਹੈ। ਸਾਰੇ ਪੰਜਾਬ ਵਿਚ ਸਿਖ ਇਤਿਹਾਸ ਬਾਰੇ ਮੁਕੰਮਲ ਵਾਕਫ਼ੀ ਲਈ ਕੋਈ ਅਪ ਟੂ-ਡੇਟ ਲਾਇਬ੍ਰੇਰੀ ਨਹੀਂ, ਹਾਲਾਂਕਿ ਜੇ ਤਅੱਸਬ ਨੂੰ ਲਾਂਭੇ ਵੀ ਰਖ ਦਿਤਾ ਜਾਵੇ, ਤਾਂ ਅਸੀਂ ਛਾਤੀ ਤੇ ਹਥ ਰਖਕੇ ਇਹ ਕਹਿ ਸਕਦੇ ਹਾਂ ਕਿ ਪੰਜਾਬ ਦੀ ਧਰਤੀ ਦੇ ਚਪੇ ਚਪੇ ਪੁਰ ਸਾਡੇ ਬਜ਼ੁਰਗਾਂ ਦਾ ਖ਼ੂਨ ਡੁਲ੍ਹਿਆ ਹੋਇਆ ਹੈ। ਉਸ ਖ਼ੂਨੀ ਕਹਾਣੀ ਨੂੰ ਗ਼ੈਰ ਕੌਮਾਂ ਨੇ ਗ਼ੈਰ-ਬੋਲੀਆਂ ਵਿਚ ਤਾਂ ਚਿਤਰ ਦਿਤਾ ਪਰ ਆਪਣੀ ਬੋਲੀ ਵਿਚ ਆਪਣਿਆਂ ਹਥੋਂ ਕੁਝ ਨਾ ਲਿਖਿਆ ਗਿਆ। ਸੰਸਾਰ ਵਿਚ ਸ਼ਾਇਦ ਹੀ ਕੋਈ ਅਜਿਹੀ ਬਦਕਿਸਮਤ ਕੌਮ ਹੋਵੇ, ਜਿਸਨੇ ਸਿਰਫ਼ ਇਕ ਸੌ ਸਾਲ ਪਹਿਲਾਂ ਇਕ ਵਡੇ ਸੂਬੇ ਪੁਰ ਹੀ ਨਹੀਂ, ਸਗੋਂ ਕਸ਼ਮੀਰ, ਕਾਬਲ, ਤੇ ਕੰਧਾਰ ਆਦਿ ਜੇਹੇ ਨਾਲ ਦੇ ਮੁਲਕਾਂ ਪੁਰ ਵੀ ਹਕੂਮਤ ਕੀਤੀ ਹੋਵੇ, ਪਰ ਉਸ ਪਾਸ ਆਪਣਾ ਇਤਿਹਾਸ ਹੀ ਨਾ ਹੋਵੇ। ਕੇਡੇ ਅਫ਼ਸੋਸ ਦੀ ਗਲ ਹੈ, ਕਿ ਅੰਗਰੇਜ਼ਾਂ ਨੇ ਵਾਟਰਲੂ ਦਾ ਮੈਦਾਨ ਜਿੱਤਣ ਵਾਲਿਆਂ ਅਫ਼ਸਰਾਂ ਤੇ ਸਿਪਾਹੀਆਂ ਦਾ ਇਤਿਹਾਸ ਤਾਂ ਦੁਨੀਆਂ ਦੇ ਕੋਨੇ ਕੋਨੇ ਤਕ ਪੁਚਾਇਆ ਹੋਵੇ, ਪਰ ਉਨ੍ਹਾਂ ਹੀ ਜੇਤੂਆਂ ਨੂੰ ਮਾਰ ਮਾਰ ਕੇ ਲੜਾਈ ਦੇ ਮੈਦਾਨੋਂ ਬਾਹਰ ਕਢ ਦੇਣ ਵਾਲੇ ਬਹਾਦਰ ਸਿਖ ਸਿਪਾਹੀਆਂ ਦਾ ਇਤਿਹਾਸ ਵਿਚ ਨਾਮੋ ਨਿਸ਼ਾਨ ਨਾ ਮਿਲੇ।

ਸਾਡੇ ਇਤਿਹਾਸ-ਲਿਖਾਰੀਆਂ ਵਿਚ ਅੰਗਰੇਜ਼ ਲਿਖਾਰੀ ਮਿ: ਕੰਨਿਘਮ, ਮੈਕਾਲਿਫ, ਸ: ਕਰਮ ਸਿੰਘ ਹਿਸਟੋਰੀਅਨ, ਬਾਬਾ ਪ੍ਰੇਮ ਸਿੰਘ ਹੋਤੀ, ਤੇ ਸ: ਗੰਡਾ ਸਿੰਘ 'ਕੇਵਲ' ਆਦਿ ਬੜੀ ਮਹਾਨਤਾ ਰਖਦੇ ਹਨ -- ਇਨ੍ਹਾਂ ਸਿਖ ਇਤਿਹਾਸ ਸਬੰਧੀ ਬੜੀ ਰੀਸਰਚ ਵੀ ਕੀਤੀ – ਤੇ ਇਹ ਲਿਖਾਰੀ ਆਪਣੇ ਮਨ ਵਿਚ ਖ਼ੁਸ਼ ਵੀ ਹੋਣਗੇ, ਕਿ ਪਾਠਕਾਂ ਨੇ ਉਨ੍ਹਾਂ ਦੀ ਬੜੀ ਕਦਰ ਕੀਤੀਹੈ, ਪਰ ਮੈਨੂੰ ਤਾਂ ਇਸ ਵੀਹਵੀਂ ਸਦੀ ਦੇ ਕਦਰਦਾਨ ਸਮੇਂ ਵਿਚ ਵੀ ਇਨ੍ਹਾਂ ਮਿਹਨਤੀ ਖੋਜੀਆਂ ਤੋਂ, ਲੋਕਾਂ ਨੇ ਸੋਹਣੀ ਮਹੀਂਵਾਲ, ਹੀਰ ਰਾਂਝਾ ਤੇ ਸੱਸੀ ਪੁੰਨੂੰ ਦੇ ਤੁਕਬੰਦ ਕਵਾਂ ਦੀ, ਵਧੇਰੇ ਕਦਰ ਪਾਈ ਜਾਪਦੀ ਹੈ।

ਮੈਂ ਆਪਣੀ ਆਵਾਜ਼ ਉਨ੍ਹਾਂ ਕੌਮ ਦੇ ਜ਼ਿਮੇਵਾਰ ਰਾਖਿਆਂ ਦੇ ਕੰਨਾਂ ਤਕ ਪੁਚਾਣਾ ਚਾਹੁੰਦਾ ਹਾਂ, ਜਿਹੜੇ ਇਤਿਹਾਸ ਜਿਡੇ ਮਸਲੇ ਨੂੰ ਛਡਕੇ ਗ਼ੈਰ-ਜ਼ਰੂਰੀ ਮਸਲਿਆਂ ਵਿਚ ਵਕਤ ਜ਼ਾਇਆ ਕਰ ਰਹੇ ਹਨ। ਅਜ ਲੋੜ ਹੈ, ਇਕ ਅਜਿਹੇ ਇਤਿਹਾਸ-ਖੋਜੀ ਮਹਿਕਮੇ ਦੀ, ਜਿਹੜਾ ਪੇਟ ਦੇ ਧੰਦੇ ਤੋਂ ਬੇ-ਫ਼ਿਕਰ ਹੋਕੇ ਆਪਣੀ ਬਰਬਾਦ ਹੋ ਰਹੀ ਇਤਿਹਾਸਕ ਖੇਤੀ ਨੂੰ ਮੁੜ ਸੁਰਜੀਤ ਕਰੇ ਤੇ ਉਸਨੂੰ ਹਰ ਹਿੰਦੁਸਤਾਨੀ ਜ਼ਬਾਨ ਵਿਚ ਤਰਜਮਾ ਕਰਕੇ ਹਰ ਪੜ੍ਹੇ ਲਿਖੇ ਹਿੰਦੁਸਤਾਨੀ ਦੇ ਹਥਾਂ ਤਕ ਪਹੁੰਚਾਵੇ। ਇਹੋ ਇਤਿਹਾਸਕ ਪ੍ਰਣਾਲੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਰੋਸ਼ਨ-ਮੁਨਾਰਾ ਹੋ ਸਕਦੀ ਹੈ।

ਮਹਾਰਾਜਾ ਦਲੀਪ ਸਿੰਘ ਦਾ ਇਤਿਹਾਸ ਲਿਖਣ ਲਈ ਉਪਰੋਕਤ ਖ਼ਿਆਲਾਂ ਨੇ ਹੀ ਮੈਨੂੰ ਟੁੰਬਿਆ। ਜਿਸਦਾ ਨਤੀਜਾ ਅਜ ਆਪ ਦੇ ਹਥਾਂ ਵਿਚ ਦੇ ਕੇ ਮੈਨੂੰ ਬੜੀ ਖ਼ੁਸ਼ੀ ਹੋ ਰਹੀ ਹੈ। ਇਸ ਕਿਤਾਬ ਦੀ ਤਿਆਰੀ ਲਈ ਹੇਠਲੀਆਂ ਪੁਸਤਕਾਂ ਦੀ ਸਹਾਇਤਾ ਲਈ ਗਈ ਹੈ, ਜਿਸ ਲਈ ਮੈਂ ਇਨ੍ਹਾਂ ਲਿਖਾਰੀਆਂ ਦਾ ਸਚੇ ਦਿਲੋਂ ਧੰਨਵਾਦੀ ਹਾਂ :

(੧) ਕੰਨਿਘਮ ਦਾ ਇਤਿਹਾਸ
(੨) ਹੇਨਿੰਗਬਰਗਰ (*Thirty five Years in the East*)

(੩) ਚਾਰਲਸ ਗਫ਼ (*The Sikhs and the Sikh Wars*)
(੪) ਸਯਦ ਮੁਹੰਮਦ ਲਤੀਫ਼ (*History of the Punjab*)
(੫) ਐਡਵਰਫ ਜੈਂਜ਼ਿਫ਼ ਥਾਕਵੈਲ (*Narrative of the Second Sikh War*)
(੬) ਲੈਡੀ ਲਾਗਨ (*Sir John Lagin and Daleep Singh 1890*)
(੭) ਮੇਜਰ ਈਵਨਜ਼ ਬੈਲ (*Annexation of the Punjab and Maharaja Dalip Singh –*)
(੮) ਸਰ ਲੀ ਵਾਰਨ (*Life of Marquis of Dalhousie*)
(੯) ਸਰ ਲੈਪਲ ਗ੍ਰਿਫ਼ਨ (*Punjab Rajas and Punjab Chiefs*)
(੧੦) ਮ: ਦਲੀਪ ਸਿੰਘ ਦੀ ਆਪਣੀ ਲਿਖਤ (ਕਿਤਾਬੀ ਸ਼ਕਲ ਵਿਚ) ਤੇ ਚਿਠੀਆਂ।
(੧੧) ਘਨੀਆ ਲਾਲ (ਤਾਰੀਖ਼ ਪੰਜਾਬ)
(੧੨) ਰਾਜਾ ਸ਼ਿਵ ਪ੍ਰਸ਼ਾਦ (ਸਿਖੋਂ ਕਾ ਉਦਯ ਔਰ ਅਸਤ
(੧੩) ਨੰਦ ਕੁਮਾਰ ਦੇਵ ਸ਼ਰਮਾ (ਪੰਜਾਬ ਹਰਣ ਔਰ ਦਲੀਪ ਸਿੰਘ)
(੧੪) ,, ,, ,, (ਸਿਖੋਂ ਕਾ ਉਥਾਨ ਔਰ ਪਤਨ)
(੧੫) ਭਾਰਤ ਕੀਰਤ (ਹਿੰਦੀ)
(੧੬) 'ਫੁਲਵਾੜੀ' ਦਾ ਇਤਿਹਾਸ ਨੰਬਰ ਆਦਿ।

ਇਹ ਕਿਤਾਬ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕਰਦਾ ਹੋਇਆ ਮੈਂ ਇਤਿਹਾਸਕ ਪ੍ਰੇਮੀਆਂ, ਤੇ ਖੋਜੀਆਂ ਦਾ ਬੜਾ ਰਿਣੀ ਹੋਵਾਂਗਾ, ਜੇ ਉਹ ਇਸ ਸਬੰਧੀ ਕੁਝ ਹੋਰ ਵਾਕਫ਼ੀ ਦੇ ਸਕਣ ਤਾਂ ਅਗਲੇ ਐਡੀਸ਼ਨ ਵਿਚ ਇਹ ਕੰਮੀ ਪੂਰੀ ਹੋ ਜਾਵੇ।

ਇਸ ਕਿਤਾਬ ਦਾ ਮੁਖ ਡੀਜ਼ਾਈਨ ਹਿੰਦੁਸਤਾਨ ਦੇ ਮਸ਼ਹੂਰ ਆਰਟਿਸਟ ਸ: ਸੋਭਾ ਸਿੰਘ ਜੀ ਮਾਡਲ ਟਾਊਨ ਲਾਹੌਰ ਨੇ ਉਨ੍ਹੀਂ ਦਿਨੀਂ ਮੁਕੰਮਲ ਕਰ ਕੇ ਦਿਤਾ, ਜਦੋਂ ਕਿ ਉਨ੍ਹਾਂ ਦੀ ਕਮਜ਼ੋਰ ਸਿਹਤ ਕਾਰਣ ਡਾਕਟਰਾਂ ਨੇ ਉਨ੍ਹਾਂ ਨੂੰ ਮੁਕੰਮਲ ਆਰਾਮ ਦਾ ਮਸ਼ਵਰਾ ਦਿਤਾ ਸੀ – ਉਨ੍ਹਾਂ ਦੀ ਇਸ ਕਿਰਪਾ ਦਾ ਸਚੇ ਦਿਲੋਂ ਧੰਨਵਾਦੀ ਹਾਂ। ਇਹ ਤਸਵੀਰ ਬੜੀ ਭਾਰੀ ਇਤਿਹਾਸਕ ਮਹਾਨਤਾ ਰਖਦੀ ਹੈ। ਸੰਨ ੧੮੮੬ ਵਿਚ ਜਦ ਮ:

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.